BC Centre for Disease Control
An agency of the Provincial Health Services Authority

# ਲੇਟੈਂਟ ਟੀ.ਬੀ. ਇਨਫ਼ੈਕਸ਼ਨ
# Latent TB Infection

## ਟੀ.ਬੀ. ਦੀ ਜਾਂਚ ਲਈ ਚਮੜੀ ਦਾ ਟੈਸਟ ਜਾਂ ਖ਼ੂਨ ਦਾ ਟੈਸਟ ਪਾਜ਼ਿਟਿਵ ਹੋਣ ਦਾ ਕੀ ਮਤਲਬ ਹੈ? (What does a positive TB skin test or blood test mean?)

ਟੀ.ਬੀ. ਦੀ ਜਾਂਚ ਲਈ ਚਮੜੀ ਦਾ ਟੈਸਟ ਜਾਂ ਖ਼ੂਨ ਦਾ ਟੈਸਟ ਪਾਜ਼ਿਟਿਵ ਹੋਣ ਦਾ ਮਤਲਬ ਹੈ ਕਿ ਤੁਹਾਡਾ ਸਰੀਰ ਟੀ.ਬੀ. ਦੇ ਕੀਟਾਣੂ ਨਾਲ ਗ੍ਰਸਤ ਹੈ। ਟੈਸਟ ਤੋਂ ਸਾਨੂੰ ਇਹ ਪਤਾ ਨਹੀਂ ਲਗਦਾ ਕਿ ਇਹ ਕੀਟਾਣੂ ਤੁਹਾਡੇ ਸਰੀਰ ਵਿੱਚ ਕਿੰਨੇ ਸਮੇਂ ਤੋਂ ਮੌਜੂਦ ਹੈ ਜਾਂ ਕੀ ਇਹ ਸਰਗਰਮ ਹੈ ਜਾਂ ਲੁਕਿਆ (ਸੁੱਤਾ) ਹੋਇਆ ਹੈ।



**ਲੇਟੈਂਟ ਟੀ.ਬੀ. ਇਨਫ਼ੈਕਸ਼ਨ** ਉਦੋਂ ਹੁੰਦੀ ਹੈ ਜਦੋਂ ਟੀ.ਬੀ. ਦੇ ਰੋਗਾਣੂ ਸਾਹ ਰਾਹੀਂ ਤੁਹਾਡੇ ਫੇਫੜਿਆਂ ਵਿੱਚ ਦਾਖ਼ਲ ਹੋ ਜਾਂਦੇ ਹਨ ਅਤੇ ਤੁਹਾਡਾ ਇਮਿਊਨ ਸਿਸਟਮ (ਬਿਮਾਰੀਆਂ ਨਾਲ ਲੜਨ ਦੀ ਸਰੀਰ ਦੀ ਕੁਦਰਤੀ ਪ੍ਰਣਾਲੀ) ਉਨ੍ਹਾਂ ਨੂੰ ਵਧਣ ਤੋਂ ਰੋਕਦਾ ਹੈ ਅਤੇ ਤੁਹਾਨੂੰ ਬਿਮਾਰ ਹੋਣ ਤੋਂ ਬਚਾਉਂਦਾ ਹੈ। ਲੇਟੈਂਟ ਟੀ.ਬੀ. ਇਨਫ਼ੈਕਸ਼ਨ ਨਾਲ ਗ੍ਰਸਤ ਲੋਕਾਂ ਵਿੱਚ ਕੋਈ ਲੱਛਣ **ਨਹੀਂ** ਹੁੰਦੇ। ਇਨ੍ਹਾਂ ਤੋਂ ਹੋਰਨਾ ਲੋਕਾਂ ਨੂੰ ਟੀ.ਬੀ. **ਨਹੀਂ** ਫੈਲ ਸਕਦਾ।



**ਟੀ.ਬੀ. ਦੀ ਸਰਗਰਮ ਬਿਮਾਰੀ** ਉਦੋਂ ਹੁੰਦੀ ਹੈ ਜਦੋਂ ਟੀ.ਬੀ. ਦੇ ਰੋਗਾਣੂ ਸਾਹ ਰਾਹੀਂ ਤੁਹਾਡੇ ਫੇਫੜਿਆਂ ਵਿੱਚ ਦਾਖ਼ਲ ਹੋ ਜਾਂਦੇ ਹਨ ਅਤੇ ਤੁਹਾਡਾ ਇਮਿਊਨ ਸਿਸਟਮ (ਬਿਮਾਰੀਆਂ ਨਾਲ ਲੜਨ ਦੀ ਸਰੀਰ ਦੀ ਕੁਦਰਤੀ ਪ੍ਰਣਾਲੀ) ਉਨ੍ਹਾਂ ਨੂੰ ਰੋਕਣ ਵਿੱਚ ਅਸਮਰੱਥ ਰਹਿੰਦਾ ਹੈ। ਟੀ.ਬੀ. ਦੇ ਰੋਗਾਣੂ ਵਿਕਾਸ ਕਰਦੇ ਹਨ, ਇਨ੍ਹਾਂ ਦੀ ਗਿਣਤੀ ਵਧਣੀ ਹੈ ਅਤੇ ਤੁਸੀਂ ਬਿਮਾਰ ਹੋ ਜਾਂਦੇ ਹੋ।

**ਬੀ.ਸੀ.ਜੀ. ਅਤੇ ਟੀ.ਬੀ. ਦੀ ਜਾਂਚ ਲਈ ਚਮੜੀ ਦਾ ਟੈਸਟ (BCG & TB skin test)**
ਇੱਕ ਸਾਲ ਦੀ ਉਮਰ ਤੋਂ ਬਾਅਦ ਜੇ ਤੁਹਾਨੂੰ ਇੱਕ ਜਾਂ ਜ਼ਿਆਦਾ ਬੀ.ਸੀ.ਜੀ. ਵੈਕਸੀਨਾਂ ਦਿੱਤੀਆਂ ਗਈਆਂ ਹਨ ਤਾਂ ਤੁਹਾਡੀ ਚਮੜੀ ਦਾ।

## ਲੇਟੈਂਟ ਟੀ.ਬੀ. ਇਨਫ਼ੈਕਸ਼ਨ (Latent TB Infection)

ਤੁਹਾਨੂੰ **ਲੇਟੈਂਟ ਟੀ.ਬੀ. ਇਨਫ਼ੈਕਸ਼ਨ** ਹੈ ਜਾਂ ਨਹੀਂ, ਇਹ ਜਾਣਨ ਲਈ ਸਾਨੂੰ ਟੀ.ਬੀ. ਲਈ ਚਮੜੀ ਦੇ ਟੈਸਟ ਜਾਂ ਟੀ.ਬੀ. ਲਈ ਖ਼ੂਨ ਦੇ ਟੈਸਟ ਤੋਂ ਇਲਾਵਾ ਹੋਰ ਜ਼ਿਆਦਾ ਜਾਣਕਾਰੀ ਦੀ ਲੋੜ ਹੈ। ਤੁਹਾਡੀ ਨਰਸ ਜਾਂ ਡਾਕਟਰ ਵਲੋਂ ਹੇਠ ਲਿਖੇ ਕਾਰਜ ਕੀਤੇ ਜਾਣਗੇ:

- ਤੁਹਾਨੂੰ ਪੁੱਛਿਆ ਜਾਵੇਗਾ ਕਿ ਕੀ ਤੁਹਾਡੇ ਵਿੱਚ ਸਰਗਰਮ ਟੀ.ਬੀ. ਹੋਣ ਦੇ ਕੋਈ ਸੰਕੇਤ ਜਾਂ ਲੱਛਣ ਹਨ।
- ਤੁਹਾਨੂੰ ਛਾਤੀ ਦਾ ਐਕਸ-ਰੇਅ ਕਰਵਾਉਣ ਲਈ ਭੇਜਿਆ ਜਾਵੇਗਾ।
- ਲੋੜ ਪੈਣ ’ਤੇ ਤੁਹਾਡੇ ਥੁੱਕ (ਫੇਫੜਿਆਂ ਵਿੱਚੋਂ ਬਲਗਮ) ਦੇ ਨਮੂਨੇ ਲਏ ਜਾਣਗੇ।




ਇਹ ਪਤਾ ਕਰਨ ਲਈ ਕਿ ਕਿਤੇ ਤੁਹਾਨੂੰ **ਲੇਟੈਂਟ ਟੀ.ਬੀ. ਇਨਫ਼ੈਕਸ਼ਨ** ਤਾਂ ਨਹੀਂ ਹੈ, **ਟੀ.ਬੀ. ਡਾਕਟਰ** ਵੱਲੋਂ ਤੁਹਾਡੀ ਸਿਹਤ ਜਾਣਕਾਰੀ ਅਤੇ ਤੁਹਾਡੀ ਸਿਹਤ ਨੂੰ ਦਰਪੇਸ਼ ਖ਼ਤਰਿਆਂ ਦਾ ਜਾਇਜ਼ਾ ਲਿਆ ਜਾਵੇਗਾ। ਤੁਹਾਨੂੰ ਦਰਪੇਸ਼ ਵਿਸ਼ੇਸ਼ ਖ਼ਤਰਿਆਂ ਦੇ ਆਧਾਰ ’ਤੇ ਤੁਹਾਡਾ ਡਾਕਟਰ ਤੁਹਾਡੇ ਲੇਟੈਂਟ ਟੀ.ਬੀ. ਦੀ ਇਨਫ਼ੈਕਸ਼ਨ ਦੇ ਇਲਾਜ ਲਈ ਅਤੇ ਸਿਹਤਮੰਦ ਰਹਿਣ ਵਿੱਚ ਤੁਹਾਡੀ ਮਦਦ ਲਈ ਤੁਹਾਨੂੰ ਕੋਈ ਦਵਾਈ ਦੇ ਸਕਦਾ ਹੈ।

ਜੇਕਰ ਤੁਸੀਂ ਹੇਠ ਲਿਖੀ **ਸਿਹਤ ਸਮੱਸਿਆਵਾਂ** ਨਾਲ ਜੂਝ ਰਹੇ ਹੋ ਤਾਂ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਪੇਸ਼ੇਵਰ ਨਾਲ ਗੱਲ ਕਰੋ:

- ਐੱਚ.ਆਈ.ਵੀ.
- ਗੁਰਦੇ ਦਾ ਲੰਮੇ ਸਮੇਂ ਤਕ ਰਹਿਣ ਵਾਲਾ ਰੋਗ
- ਕੈਂਸਰ
- ਦਵਾਈਆਂ (ਜਿਵੇਂ ਕਿ ਤੁਹਾਡੇ ਆਰਥਰਾਇਟਿਸ ਲਈ Enbrel – ਐਂਬਰੈਲ) ਕਾਰਣ ਕਮਜ਼ੋਰ ਇਮਿਊਨ ਸਿਸਟਮ
- ਡਾਇਬੀਟੀਜ਼ (ਸ਼ੂਗਰ ਰੋਗ)

## ਲੇਟੈਂਟ ਟੀ.ਬੀ. ਦੀ ਇਨਫ਼ੈਕਸ਼ਨ ਦਾ ਇਲਾਜ (Latent TB Infection Treatment)

ਜੇ ਤੁਹਾਡੇ ਵਿੱਚ ਲੇਟੈਂਟ ਟੀ.ਬੀ. ਦੀ ਪਛਾਣ ਕੀਤੀ ਗਈ ਹੈ ਤਾਂ ਇਸ ਤੋਂ ਪਹਿਲਾਂ ਕਿ ਟੀ.ਬੀ. ਦਾ ਕੀਟਾਣੂ ਸਰਗਰਮ ਹੋ ਕੇ ਤੁਹਾਨੂੰ ਬਿਮਾਰ ਕਰੇ, ਟੀ.ਬੀ. ਦੇ ਕੀਟਾਣੂ ਨੂੰ ਖ਼ਤਮ ਕਰਨ ਲਈ ਤੁਹਾਨੂੰ ਦਵਾਈ ਦਿੱਤੀ ਜਾ ਸਕਦੀ ਹੈ। ਕੈਨੇਡਾ ਵਿੱਚ ਟ੍ਰੀਟਮੈਂਟਾਂ ਦੀਆਂ ਕਈ ਚੋਣਾਂ ਮੌਜੂਦ ਹਨ ਜੋ ਭਵਿੱਖ ਵਿੱਚ ਤੁਹਾਨੂੰ ਸਰਗਰਮ ਟੀ.ਬੀ. ਹੋਣ ਦੇ ਖ਼ਤਰੇ ਨੂੰ ਘਟਾਉਣ ਵਿੱਚ ਅਸਰਦਾਰ ਹੁੰਦੇ ਹਨ। ਤੁਹਾਡੇ ਲਈ ਢੁਕਵਾਂ ਟ੍ਰੀਟਮੈਂਟ ਲੱਭਣ ਲਈ ਤੁਹਾਡੇ ਟੀ.ਬੀ. ਡਾਕਟਰ ਵੱਲੋਂ ਇਨ੍ਹਾਂ ਚੋਣਾਂ ਬਾਰੇ ਤੁਹਾਡੇ ਨਾਲ ਗੱਲਬਾਤ ਕੀਤੀ ਜਾਵੇਗੀ।



**ਬੀ.ਸੀ. ਵਿੱਚ ਟੀ.ਬੀ. ਦੀਆਂ ਦਵਾਈਆਂ ਮੁਫ਼ਤ ਹਨ।** ਜਦੋਂ ਤੁਸੀਂ ਲੈਟੈਂਟ ਟੀ.ਬੀ. ਇਨਫ਼ੈਕਸ਼ਨ ਦਾ ਟ੍ਰੀਟਮੈਂਟ ਸ਼ੁਰੂ ਕਰੋਗੇ, ਉਦੋਂ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਪੇਸ਼ੇਵਰ ਵੱਲੋਂ ਤੁਹਾਡੀਆਂ ਦਵਾਈਆਂ ਦੇ ਮਾੜੇ ਪ੍ਰਭਾਵਾਂ ਦੀ ਸਮੀਖਿਆ ਕੀਤੀ ਜਾਵੇਗੀ। ਟ੍ਰੀਟਮੈਂਟ ਦੌਰਾਨ ਸਮੇਂ-ਸਮੇਂ ਸਿਰ ਬਲੱਡ ਟੈਸਟ ਕਰਵਾਉਣੇ ਅਤੇ ਆਪਣੀ ਨਰਸ ਜਾਂ ਡਾਕਟਰ ਕੋਲ ਜਾਣਾ ਜ਼ਰੂਰੀ ਹੈ। ਇਸ ਦਵਾਈ ਕਾਰਣ ਤੁਹਾਡੇ ਜਿਗਰ ਵਿੱਚ ਬੇਅਰਾਮੀ ਹੋਣ ਦੇ ਮਾਮੂਲੀ ਜਿਹੇ ਆਸਾਰ ਹੋਣਗੇ। ਜੇ ਤੁਹਾਡੀ ਚਮੜੀ ਉੱਪਰ ਧੱਫੜ ਹੋ ਜਾਣ, ਜੀਅ ਕੱਚਾ ਹੋਵੇ ਅਤੇ ਤੁਹਾਨੂੰ ਥਕਾਵਟ ਹੋਵੇ ਤਾਂ ਤੁਹਾਨੂੰ ਆਪਣੀ ਨਰਸ ਜਾਂ ਡਾਕਟਰ ਨੂੰ ਇਸ ਬਾਰੇ ਦੱਸਣਾ ਚਾਹੀਦਾ ਹੈ।

## ਮਿੱਥ ਅਤੇ ਡਰ (Myths & Fears)

ਲੇਟੈਂਟ ਟੀ.ਬੀ. ਇਨਫ਼ੈਕਸ਼ਨ ਅਤੇ ਟੀ.ਬੀ. ਦੀ ਬਿਮਾਰੀ ਵਿੱਚ ਫ਼ਰਕ ਹੈ ਪਰ ਲੋਕ ਅਕਸਰ ਇਨ੍ਹਾਂ ਦੇ ਅੰਤਰ ਨੂੰ ਨਹੀਂ ਸਮਝਦੇ। ਜਦੋਂ ਤੁਹਾਨੂੰ ਲੇਟੈਂਟ ਟੀ.ਬੀ. ਇਨਫ਼ੈਕਸ਼ਨ ਹੁੰਦੀ ਹੈ ਉਦੋਂ ਲੋਕਾਂ ਨੂੰ ਲਗਦਾ ਹੈ ਕਿ ਤੁਹਾਡੇ ਤੋਂ ਹੋਰਨਾ ਲੋਕਾਂ ਨੂੰ ਟੀ.ਬੀ. ਹੋ ਸਕਦੀ ਹੈ। ਇਹ ਸੱਚ **ਨਹੀਂ** ਹੈ। ਲੇਟੈਂਟ ਟੀ.ਬੀ. ਨਾਲ ਜੁੜੇ ਹੋਏ ਮਿੱਥ ਕਾਰਣ ਅਕਸਰ ਸ਼ਰਮਿੰਦਗੀ ਅਤੇ ਕਲੰਕਿਤ ਹੋਣ ਦਾ ਅਹਿਸਾਸ ਜੁੜਿਆ ਹੁੰਦਾ ਹੈ ਜਿਸ ਕਾਰਣ ਲੋਕ ਆਪਣੇ ਵਿੱਚ ਟੀ.ਬੀ. ਦੀ ਹੋਈ ਪਛਾਣ ਨੂੰ ਸਵੀਕਾਰ ਨਹੀਂ ਕਰਦੇ ਅਤੇ ਉਹ ਦਵਾਈ ਨਹੀਂ ਲੈਂਦੇ ਜਿਹੜੀ ਉਨ੍ਹਾਂ ਨੂੰ ਸਿਹਤਮੰਦ ਰੱਖ ਸਕਦੀ ਹੈ। ਟੀ.ਬੀ. ਨਾਲ ਜੁੜੀ ਸ਼ਰਮਿੰਦਗੀ ਦੀ ਰੋਕਥਾਮ ਲਈ ਤੁਸੀਂ ਹੇਠ ਲਿਖੇ ਕਾਰਜ ਕਰ ਸਕਦੇ ਹੋ:

- ਲੋਕਾਂ ਨੂੰ ਹੱਲਾਸ਼ੇਰੀ ਦਿਓ ਕਿ ਉਹ ਟੀ.ਬੀ. ਸੰਬੰਧੀ ਆਪਣੀਆਂ ਚਿੰਤਾਵਾਂ ਜਾਂ ਡਰ ਬਾਰੇ ਗੱਲ ਕਰਨ।
- ਲੋਕਾਂ ਨੂੰ ਯਾਦ ਕਰਵਾਓ ਕਿ ਜੇ ਉਨ੍ਹਾਂ ਨੂੰ ਲੇਟੈਂਟ ਟੀ.ਬੀ. ਹੋਇਆ ਹੈ ਤਾਂ ਦੂਜੇ ਲੋਕਾਂ ਨੂੰ ਉਨ੍ਹਾਂ ਤੋਂ ਟੀ.ਬੀ. **ਨਹੀਂ** ਹੋ ਸਕਦਾ। ਉਹ ਆਪਣੇ ਆਮ ਕਾਰਜ ਕਰਨੇ ਜਾਰੀ ਰੱਖ ਸਕਦੇ ਹਨ: ਕੰਮ ਕਰਨਾ, ਸਕੂਲ ਜਾਣਾ, ਸਫ਼ਰ ਕਰਨਾ। ਉਨ੍ਹਾਂ ਨੂੰ ਇਕੱਲੇ ਜਾਂ ਹੋਰਨਾਂ ਲੋਕਾਂ ਤੋਂ ਅਲੱਗ ਰਹਿਣ ਦੀ ਲੋੜ ਨਹੀਂ ਹੈ।
- ਜਿਨ੍ਹਾਂ ਲੋਕਾਂ ਵਿੱਚ **ਸਰਗਰਮ ਟੀ.ਬੀ.** ਦੇ ਲੱਛਣ ਹਨ ਉਨ੍ਹਾਂ ਨੂੰ ਪ੍ਰੇਰਿਤ ਕਰੋ ਕਿ ਉਹ ਆਪਣੀ ਜਾਂਚ ਜਾਂ ਟੈਸਟ ਕਰਵਾਉਣ ਲਈ ਆਪਣੇ ਸਿਹਤ ਸੰਭਾਲ ਪੇਸ਼ੇਵਰ ਨੂੰ ਮਿਲਣ।

ਸਰੋਤ: STAMPP, CREATE and International HIV/AIDS Alliance. (2009). *ਟੀ.ਬੀ. ਹੋਣ ਨਾਲ ਜੁੜੀ ਸ਼ਰਮਿੰਦਗੀ ਨੂੰ ਸਮਝਣਾ ਅਤੇ ਲਲਕਾਰਨਾ: ਕਾਰਜਸ਼ੀਲ ਹੋਣ ਲਈ ਵਸੀਲੇ।(Understanding and challenging TB stigma: Toolkit for action)*. Dexter-Graphics, UK.

ਟੀ.ਬੀ. ਫੈਲਣ, ਲੇਟੈਂਟ ਟੀ.ਬੀ. ਇਨਫ਼ੈਕਸ਼ਨ ਅਤੇ ਸਰਗਰਮ ਟੀ.ਬੀ. ਦੀ ਬਿਮਾਰੀ ਸੰਬੰਧੀ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ www.bccdc.ca/TBVideoEnglish 'ਤੇ ਜਾਓ ਅਤੇ "ਟੀ.ਬੀ. ਦਾ ਕੀਟਾਣੂ: ਇੱਕ ਚਲਾਕ ਮੁਸਾਫ਼ਰ" ਦੇਖੋ। ਇਹ ਕੋਰੀਅਨ, ਮੈਂਡਾਰਿਨ, ਅੰਗਰੇਜ਼ੀ, ਟੈਗਾਲੋਗ ਅਤੇ ਵਿਅਤਨਾਮੀ ਭਾਸ਼ਾਵਾਂ ਵਿੱਚ ਵੀ ਉਪਲਬਧ ਹੈ।

